(171)

ਬਾ ਅਦਾਲਤ (ਡਾ. ਜੀ.ਵਜਰਾਲਿੰਗਮ) ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ।

ਅਪੀਲ ਨੰ. 129 ਆਫ 2009

Ajit Singh son of Sh Ujjagar Singh through Manjinder Singh son of Ajit Singh his power of Attorney.

........Petitioner

Versus

1 Joint Registrar, Cooperative Societies, Jalandhar.

2 Deputy Registrar, Cooperative Societies Nawanshahr.

3 Assistant Registrar, Cooperative Societies Nawanshahr.

4 Ajmer Singh son of Dharam Singh Mangat.

5 Amarjit son of lachhman Singh Digrian.

6 Kewal Singh son of Bikkar Singh Ghuman.

7 Inderjit son of Swarna Ram.

8 Shinder Pal son of Kartara Ram Ghuman.

9 Kulwinder Singh son of Maliat Singh Ghuman.

10 Gurdeep Singh son of Harmel Singh Mangat.

11 Sukhdev Singh son of Randhir Singh.

12 Surinder Singh son of Bhagat Singh Ghuman.

(respondents no 4 to 12 are the committee members of the Managing Committee of the Ghuman Cooperative Agricultural Service Society Ltd., Ghuman, Tehsil and District Nawanshahr.

......Respondents

Petition under Section 27(1) of the Punjab Cooperative Societies Act, 1961 for removing the Managing Committee of the Ghuman Cooperative Agricultural Service Society Ltd. Ghuman, Tehsil and District Nawanshahr for will fully disobeying order dated 8-5-2006 passed by Assistant Registrar, Cooperative Societies Nawanshahr and order dated 29-1-2006 and 17-9-2008 passed by this Hon'ble Court and further for initiating contempt proceedings against the private respondents under Section 2 read with Secion 10 of the Contempt of Courts Act, 1971 and the rules framed thereunder for making a reference to the Hon'ble Punjab and Haryana High Court for punishing the private respondents in accordance with law for willfully and intentionally not complying and implementing

173

**orders dated 29-11-2006 and 17-9-2008 passed by this Hon'ble Court.**

ਹਾਜਰ

1 ਅਸਵਨੀ ਪ੍ਰਾਸਰ, ਵਕੀਲ ਪਟੀਸਨਰ

2 ਰਾਕੇਸ ਵਰਮਾ , ਵਕੀਲ ਰਿਸਪੋਡੈਂਟ 4 ਤੋ 12

3 ਜਗਜੀਤ ਸਿੰਘ, ਸ.ਰ. ਨਵਾਂ ਸਹਿਰ

4 ਕੇਸਰ ਸਿੰਘ, ਸੁਪਰਡੈਂਟ ਦਫਤਰ ਸ.ਰ. ਨਵਾਂ ਸਹਿਰ

5 ਸ੍ਰੀ ਲਛਮਣ ਦਾਸ, ਸਕੱਤਰ ਸਭਾ

ਹੁਕਮ

ਪਟੀਸਨਰ ਵਕੀਲ ਵੱਲੋ ਇਹ ਪਟੀਸਨ ਪੰਜਾਬ ਕੋ-ਆਪਰੇਟਿਵ ਸੁਸਾਇਟੀਜ ਐਕਟ 1961 ਦੀ ਧਾਰਾ 27(1) ਅਧੀਨ ਦਾਇਰ ਕੀਤੀ ਗਈ ਹੈ।ਕੇਸ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਸ੍ਰੀ ਜਸਵੰਤ ਸਿੰਘ ਪੁਤਰ ਪ੍ਰੀਤਮ ਸਿੰਘ ਦੀ ਘੁੰਮਣ ਖੇਤੀਬਾੜੀ ਸਹਿਕਾਰੀ ਸਰਵਿਸ ਸਭਾ ਘੁਮਣ ਤਹਿਸੀਲ ਤੇ ਜਿਲਾ ਨਵਾਂਸਹਿਰ ਵਿਖੇ ਬਤੌਰ ਚੌਕੀਦਾਰ ਕੰਮ ਕਰਦਾ ਸੀ। ਉਸ ਵਿਰੁੱਧ ਮਿਤੀ 30-10-2000 ਨੂੰ ਧਾਰਾ 326/148/149 ਅਈ.ਪੀ.ਸੀ. ਅਧੀਨ ਐਫ.ਆਈ.ਆਰ ਨੰ. 185 ਦਰਜ ਹੋਈ ਸੀ। ਜਿਸ ਕਾਰਨ ਉਹ ਮਿਤੀ 15-11-2000 ਤੋ ਮਾਰਚ 2001 ਤੱਕ ਜੇਲ ਵਿਚ ਰਿਹਾ। ਸਭਾ ਵਲੋ ਉਸ ਵਿਰੁੱਧ ਸਰਵਿੱਸ ਰੂਲਾਂ ਅਧੀਨ ਕੋਈ ਕਾਰਵਾਈ ਨਹੀਂ ਕੀਤੀ ਗਈ। ਸ੍ਰੀ ਲਛੱਮਣ ਦਾਸ ਸਕੱਤਰ ਸਭਾ ਵਲੋ ਇਸ ਚੌਕੀਦਾਰ ਦੀ ਮਿਤੀ 15-11-2000 ਤੋ ਮਾਰਚ 2001 ਤੱਕ ਦੀ ਤਨਖਾਹ ਸਭਾ ਵਿਚੋ ਕਢਵਾ ਕੇ ਉਸ ਦੀ ਘਰਵਾਲੀ ਨੂੰ ਦੇ ਦਿੱਤੀ ਗਈ। ਜਦੋ ਕਿ ਜੇਲ ਵਿਚ ਬੈਠੇ ਕਰਮਚਾਰੀ ਨੂੰ ਤਨਖਾਹ ਨਹੀ ਦਿੱਤੀ ਜਾ ਸਕਦੀ। ਸਕੱਤਰ ਸਭਾ ਨੇ ਜਦੋ ਸ੍ਰੀ ਜਸਵੰਤ ਸਿੰਘ ਜੇਲ ਵਿਚੋ ਰਿਹਾ ਹੋ ਕੇ ਆਇਆ ਤਾਂ ਉਸ ਦੇ ਦਸਤਖਤ ਤਨਖਾਹ ਦੇ ਰਜਿਸਟਰ ਤੇ ਕਰਵਾ ਲਏ। ਇਸ ਸਬੰਧੀ ਸਭਾ ਦੀ ਪ੍ਰਬੰਧਕ ਕਮੇਟੀ ਵਲੋ ਕੋਈ ਕਾਰਵਾਈ ਨਹੀ ਕੀਤੀ ਗਈ। ਪਟੀਸਨਰ ਵਲੋ ਉਕਤ ਮੁਦੇ ਸਬੰਧੀ ਸਬੰਧਤ ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ, ਉਪ ਰਜਿਸਟਰਾਰ ਸ/ਸ ਨਵਾਂ ਸਹਿਰ ਅਤੇ ਸੰਯੁਕਤ ਰਜਿਸਟਰਾਰ ਸ/ਸ ਜਲੰਧਰ ਪਾਸ ਲੋੜੀਦੀ ਕਾਰਵਾਈ ਕਰਨ ਲਈ ਬੇਨਤੀ ਕੀਤੀ। ਪਰ ਉਹਨਾਂ ਵਲੋ ਇਸ ਸਬੰਧੀ ਕੋਈ ਕਾਰਵਾਈ ਨਹੀ ਕੀਤੀ ਗਈ । ਮਿਤੀ 21-2-06 ਧਾਰਾ 3 (4) ਅਧੀਨ ਪਟੀਸਨਰ ਵਲੋ ਇਸ ਅਦਾਲਤ ਵਿਚ ਕੇਸ ਫਾਈਲ ਕੀਤਾ ਗਿਆ। ਜਿਸ ਸਬੰਧੀ ਇਸ ਅਦਾਲਤ ਨੇ ਆਪਣੇ ਹੁਕਮ ਮਿਤੀ 21-2-06 ਰਾਹੀ ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਨੂੰ ਕਾਨੂੰਨ ਅਨੁਸਾਰ 60 ਦਿਨਾਂ ਵਿਚ ਕਾਰਵਾਈ ਕਰਨ ਲਈ ਪਾਬੰਦ ਕੀਤਾ ਗਿਆ। ਪਰ ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਵਲੋ ਕੋਈ ਕਾਰਵਾਈ ਨਹੀ ਕੀਤੀ ਗਈ। ਇਸ ਲਈ ਪਟੀਸਨਰ ਵਲੋ ਉਸ ਸਮੇ ਦੇ ਸਹਾਇਕ ਰਜਿਸਟਰਾਰ ਸ/ਸ ਸ੍ਰੀ ਰਾਮੇਸ ਕੁਮਾਰ ਵਿਰੁੱਧ ਕੰਨਟੈਮਟ ਪਟੀਸਨ ਇਸ ਅਦਾਲਤ ਵਿਚ ਦਾਇਰ ਕੀਤੀ ਗਈ।

ਸ੍ਰੀ ਰਾਮੇਸ ਕੁਮਾਰ ਵਲੋ ਬਤੌਰ ਸਾਲਸ ਫੈਸਲੇ ਦੀ ਕਾਪੀ ਮਿਤੀ 8-5-2000 ਨੂੰ ਪੇਸ ਕੀਤੀ ਗਈ। ਜਿਸ ਵਿਚ ਉਹਨਾਂ ਵਲੋ ਪ੍ਰਬੰਧਕ ਕਮੇਟੀ ਨੂੰ ਆਪਣੇ ਅਧਿਕਾਰਾਂ ਦੀ ਗਲਤ ਵਰਤੋ ਕਰਨ ਦੇ ਦੋਸ ਵਿਚ ਦੋਸੀ ਕਰਾਰ ਦਿੱਤਾ ਗਿਆ। ਇਸ ਅਦਾਲਤ ਵਲੋ ਉਕਤ ਫੈਸਲੇ ਦੇ ਮੱਦੇ ਨਜਰ ਪਟੀਸਨਰ ਵਲੋ ਦਾਇਰ ਕੀਤੀ ਗਈ ਕੰਨਟੈਮਟ ਦੇ ਕੇਸ ਦਾ ਨਿਪਟਾਰਾ ਮਿਤੀ 29-11-2006 ਨੂੰ ਕਰ ਦਿੱਤਾ ਗਿਆ। ਜਿਸ ਵਿਚ ਫਿਰ ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਨੂੰ ਪਾਬੰਦ ਕੀਤਾ ਗਿਆ ਕਿ 60 ਦਿਨਾਂ ਦੇ ਅੰਦਰ ਅੰਦਰ ਬਣਦੀ ਕਾਰਵਾਈ ਕੀਤੀ ਜਾਵੇ। ਇਸ ਤਰ੍ਹਾਂ ਫਿਰ ਵੀ ਸਬੰਧਤ ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਵਲੋ ਪ੍ਰਬੰਧਕ ਕਮੇਟੀ ਅਤੇ ਸਕੱਤਰ ਸਭਾ ਸ੍ਰੀ ਲਛੱਮਣ ਦਾਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਪਟੀਸਨਰ ਵਲੋ ਫਿਰ ਇਸ ਕੋਰਟ ਪਾਸ ਫਰਿਆਦ ਦਾਇਰ ਕੀਤੀ ਗਈ ਅਤੇ ਇਸ ਕੋਰਟ ਵਲੋ ਮਿਤੀ 17-9-08 ਨੂੰ ਇਹ ਫੈਸਲਾ ਕੀਤਾ ਗਿਆ ਕਿ ਸਭਾ ਦੀ ਪ੍ਰਬੰਧਕ ਕੇਮਟੀ ਨੂੰ ਹਟਾ ਕੇ ਉਸ ਸਭਾ ਵਿਚ ਪ੍ਰਸਾਸਕ ਦੀ ਤੁਰੰਤ ਨਿਯੁਕਤੀ ਕੀਤੀ ਜਾਵੇ ਅਤੇ ਪ੍ਰਸਾਸਕ ਦੋਸੀ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਦੇ ਹੋਏ ਰਕਮ ਦੀ ਵਸੂਲੀ ਕਰੇ ਅਤੇ ਉਹਨਾਂ ਵਿਰੁੱਧ ਐਫ.ਆਈ.ਆਰ. ਦਰਜ ਕਰਵਾਉਣ ਸਬੰਧੀ ਕਾਰਵਾਈ ਕਰਨ ਲਈ 60 ਦਿਨਾਂ ਦਾ ਸਮਾਂ ਨਿਸਚਿਤ ਕੀਤਾ ਗਿਆ ਸੀ। ਪਰ ਇਨ੍ਹਾ ਅਦਾਲਤੀ ਹੁਕਮਾਂ ਦੀ ਵੀ ਕੋਈ ਪਾਲਣਾ ਨਹੀਂ ਹੋਈ। ਇਸ ਤਰਾਂ ਪਟੀਸਨਰ ਵਕੀਲ ਵੱਲੋਂ ਪਟੀਸਨ ਦਾਇਰ ਕਰਕੇ ਕਿ ਮਿਤੀ 08-05-06,29-11-06 ਅਤੇ 17-09-08 ਦੇ ਅਦਾਲਤੀ ਹੁਕਮਾਂ ਦੀ ਪਾਲਣਾ ਨਾ ਕਰਨ ਸਬੰਧੀ ਕੰਨਟੈਮਟ ਕਾਰਵਾਈ ਕਰਨ ਦੀ ਮੰਗ ਕੀਤੀ ਗਈ।

ਸਾਰੀਆਂ ਸਬੰਧਤ ਧਿਰਾਂ ਨੂੰ ਸੰਮਨ ਜਾਰੀ ਕੀਤੇ ਗਏ। ਉਤਰਵਾਦੀ ਧਿਰ 4 ਤੋ 12 ਤੱਕ ਲਈ ਸ੍ਰੀ ਰਾਕੇਸ ਵਰਮਾ ਵਕੀਲ ਪੇਸ ਹੋਏ। ਉਨ੍ਹਾਂ ਵਲੋ ਆਪਣਾ ਲਿਖਤੀ ਜਵਾਬ ਦਾਵਾ ਦਾਇਰ ਕੀਤਾ ਗਿਆ। ਉਤਰਵਾਦੀ ਧਿਰ ਨੰ. 3 ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਵਲੋ ਵੀ ਆਪਣਾ ਜਵਾਬ ਦਾਵਾ ਦਾਇਰ ਕੀਤਾ ਗਿਆ। ਦੋਹਾ ਧਿਰਾ ਨੂੰ ਜਿਰਹਾ ਕਰਨ ਦਾ ਪੂਰਾ ਪੂਰਾ ਮੋਕਾ ਦਿੱਤਾ ਗਿਆ।

ਦਾਇਰ ਪਟੀਸਨ , ਪੇਸ ਕੀਤੇ ਗਏ ਜਵਾਬ ਦਾਵੇ, ਮਿਸਲ ਨਾਲ ਸਬੰਧਤ ਪੇਸ ਕੀਤਾ ਗਿਆ ਰਿਕਾਰਡ ਅਤੇ ਸਬੰਧਤ ਧਿਰਾਂ ਦੀਆਂ ਦਲੀਲਾਂ ਸੁਨਣ ਉਪਰੰਤ ਇਹ ਤੱਥ ਸਾਹਮਣੇ ਆਏ ਕਿ ਸਹਾਇਕ ਰਜਿਸਟਰਾਰਜ ਸ/ਸ ਨਵਾਂ ਸਹਿਰ ਵਲੋ ਇਸ ਅਦਾਲਤ ਵਲੋਂ ਜਾਰੀ ਹੁਕਮਾਂ ਮਿਤੀ 8-5-06, 29-11-06 ਅਤੇ 17-9-08 ਦੀ ਸਮੇਂ ਸਿਰ ਪਾਲਣਾ ਨਹੀ ਕੀਤੀ ਗਈ। ਜਿਸ ਸਬੰਧੀ ਮਿਤੀ 6-10-09 ਨੂੰ ਸੁਣਵਾਈ ਸਮੇ ਸ੍ਰੀ ਜਗਜੀਤ ਸਿੰਘ, ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਵਲੋ ਇਹ ਕਬੂਲ ਕੀਤਾ ਗਿਆ ਕਿ ਅਦਾਲਤੀ ਹੁਕਮਾਂ ਦੀ ਪਾਲਣਾ ਨਾ

ਕਰਨਾ ਉਨ੍ਹਾਂ ਦੀ ਗਲਤੀ ਹੈ। ਹੁਣ ਅਦਾਲਤ ਵਿਚ ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਵਲੋਂ ਉਪ ਰਜਿਸਟਰਾਰ ਸ/ਸ ਨਵਾਂ ਸਹਿਰ ਅਤੇ ਸੰਯੁਕਤ ਰਜਿਸਟਰਾਰ ਸ/ਸ ਜਲੰਧਰ ਰਾਹੀ ਰਿਪੋਰਟ ਪੇਸ ਕੀਤੀ ਗਈ ਹੈ ਕਿ ਉਕਤ ਅਦਾਲਤੀ ਹੁਕਮਾਂ ਦੀ ਪਾਲਣਾ 17-9-09 ਨੂੰ ਹੋ ਚੁੱਕੀ ਹੈ।

ਉਪਰੋਕਤ ਤੱਥਾ ਦੇ ਆਧਾਰ ਤੇ ਇਹ ਤੱਥ ਸਾਹਮਣੇ ਆਏ ਹਨ ਕਿ ਮਿਤੀ 8-5-06, 29-11-06 ਅਤੇ 17-9-08 ਦੇ ਹੁਕਮਾਂ ਦੀ ਪਾਲਣਾ ਜੋ ਕਿ 60 ਦਿਨਾਂ ਵਿਚ ਕਰਨੀ ਸੀ। ਜੋ ਕਿ ਮਿਤੀ 17-9-09 ਨੂੰ ਕੇਸ ਦੀ ਸੁਣਵਾਈ ਦੌਰਾਨ ਹੀ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਅਦਾਲਤੀ ਹੁਕਮਾਂ ਦੀ ਪਾਲਣਾ ਹੋ ਚੁੱਕੀ ਹੈ। ਪਟੀਸਨ ਦਾ ਨਿਪਟਾਰਾ ਕਰਦੇ ਹੋਏ ਇਸ ਕੇਸ ਨਾਲ ਸਬੰਧਤ ਸਹਾਇਕ ਰਜਿਸਟਰਾਰ ਸ/ਸ ਨਵਾਂ ਸਹਿਰ ਸਰਵਸ੍ਰੀ ਰਾਮੇਸ ਕੁਮਾਰ ( 08-5-06 ਤੋਂ08-10-08) ਅਤੇ ਜਗਜੀਤ ਸਿੰਘ (08-10-08 ਤੋਂ ਹੁਣ ਤੱਕ) ਵਲੋਂ ਅਦਾਲਤੀ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਦੋਸ ਤਹਿਤ ਉਹਨਾ ਵਿਰੁਧ ਅਨੁਸਾਸਨੀ ਕਾਰਵਾਈ ਕੀਤੀ ਜਾਵੇ।

ਫੈਸਲਾ ਖੁਲੀ ਅਦਾਲਤ ਵਿਚ ਸੁਣਾ ਦਿੱਤਾ ਗਿਆ। ਮਿਸਲ ਰਿਕਾਰਡ ਰੂਮ ਵਿਚ ਭੇਜੀ ਜਾਵੇ।

ਮਿਤੀ : 22-12-09

ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ। 22/12/09